# <u>ਪ੍ਰੈਸ ਨੋਟ</u>

ਡਾ .ਸੰਦੀਪ ਕੁਮਾਰ ਗਰਗ IPS, ਸੀਨੀਅਰ ਕਪਤਾਨ ਪੁਲਿਸ ਰੂਪਨਗਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲਾ ਵਿੱਚ ਮਾੜੇ / ਸ਼ਰਾਰਤੀ ਅਨਸਰਾ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਸ਼੍ਰੀ ਤਰਲੋਚਨ ਸਿੰਘ PPS ਉਪ ਕਪਤਾਨ ਪੁਲਿਸ ਸਬ ਡਵੀਜਨ ਰੂਪਨਗਰ ਜੀ ਦੀ ਨਿਗਰਾਨੀ ਹੇਠ ਇੰਸਪੈਕਟਰ ਪਵਨ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਰੂਪਨਗਰ ਅਤੇ ਸੀ਼ ਆਈ਼ ਏ ਸਟਾਫ ਰੂਪਨਗਰ ਦੀ ਅਗਵਾਈ ਵਿੱਚ **ਲਾਰੇਸ਼ ਬਿਸ਼ਨੋਈ ਗਰੁੱਪ ਦਾ ਮੈਬਰ** ਦੱਸਦੇ ਹੋਏ ਫਿਰੋਤੀ ਮੰਗਣ ਵਾਲੇ ਗਿਰੋਹ ਨੂੰ ਕਾਬੂ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਹੈ ।

ਡਾ. ਗਰਗ ਨੇ ਅੱਗੇ ਜਾਣਕਾਰੀ ਦਿੰਦੇ ਦੱਸਿਆ ਕਿ ਜਿਲ੍ਹਾ ਅੰਦਰ ਮਾੜੇ / ਸ਼ਰਾਰਤੀ ਅਨਸਰਾ ਅਤੇ ਵਾਰਦਾਤਾ ਕਰਨ ਵਾਲੇ ਵਿਅਕਤੀਆ ਨੂੰ ਨੱਥ ਪਾਉਣ ਲਈ ਤਲਾਸੀ ਮੁਹਿੰਮ ਚਲਾਈ ਜਾ ਰਹੀ ਸੀ ਤਾਂ ਮੁਕੱਦਮਾ ਨੰਬਰ 158 ਮਿਤੀ 31-08-2022 ਅਜਧ 385, 386, 506 IPC, ਵਾਧਾ ਜੁਰਮ 472 ਹਿ. ਦੰ ਅਤੇ 25-54-59 ਆਰਮਜ ਐਕਟ ਥਾਣਾ ਸਿਟੀ ਰੂਪਨਗਰ ਦੀ ਤਫਤੀਸ ਦੋਰਾਨ ਦੋਸੀਆਨ ਰਮਨਦੀਪ ਸਿੰਘ ਉਰਫ ਰਮਨ ਪੁੱਤਰ ਜਸਵਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਉਰਫ ਬਿੰਦਰੀ ਪੁੱਤਰ ਰਾਜ ਸਿੰਘ ਵਾਸੀਆਨ ਪਿੰਡ ਬੜੀ ਝੱਲੀਆਂ ਥਾਣਾ ਸ੍ਰੀ ਚਮਕੋਰ ਸਾਹਿਬ ਜਿਲ੍ਹਾ ਰੂਪਨਗਰ ਨੂੰ ਕਾਬੂ ਕੀਤਾ ਗਿਆ।ਇਹ ਵਿਅਕਤੀ ਖੁਦ ਨੂੰ **<u>ਲਾਰੇਸ ਬਿਸ਼ਨੋਈ ਗਰੱਪ</u>** ਦਾ ਮੈਬਰ ਕਹਿ ਕੇ ਆਪਣੇ ਆਪ ਨੂੰ **<u>"ਸਿੰਘਾ ਗੈਗਸਟਰ"</u>** ਦੱਸ ਕੇ ਮੋਬਾਇਲ ਫੋਨ ਤੇ ਵਿਅਕਤੀਆਂ ਨੂੰ ਧਮਕਾ ਕੇ ਫਿਰੋਤੀ ਦੀ ਮੰਗ ਕਰਦੇ ਸਨ ।ਇੰਨਾ ਨੇ ਮੋਹਾਲੀ ਦੇ ਇੱਕ ਵਿਅਕਤੀ, ਖਰੜ ਦੇ ਦੋ ਵਿਅਕਤੀ ਅਤੇ ਰੂਪਨਗਰ ਏਰੀਆ ਦੇ ਚਾਰ ਵਿਅਕਤੀਆਂ ਪਾਸੋ 03/ 03 ਲੱਖ ਰੁਪਏ ਦੀ ਫਿਰੋਤੀ ਦੇ ਪੈਸਿਆ ਦੀ ਮੰਗ ਕੀਤੀ ਸੀ ਅਤੇ ਪੈਸੇ ਨਾਂ ਦੇਣ ਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ।ਇੰਨਾ ਦੋਸ਼ੀਆਂ ਨੇ ਵਾਰਦਾਤ ਨੂੰ ਅੰਜਾਮ ਦੇਣ ਲਈ ਮਿਤੀ 25-08-2022 ਨੂੰ ਚੋਰੀ ਕੀਤੇ ਮੋਟਰਸਾਈਕਲ ਅਤੇ ਖੋਹ ਕੀਤੇ ਹੋਏ ਮੋਬਾਇਲ ਤੋ ਰੂਪਨਗਰ ਸ਼ਹਿਰ ਦੇ ਨਾਮਵਰ ਵਿਅਕਤੀਆਂ ਨੂੰ ਫੋਨ ਕਰਕੇ ਫਿਰੋਤੀ ਲਈ ਧਮਕਾਇਆ ਜੋ ਇੰਨਾ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾ ਪਾਸੋ ਇੱਕ ਚੋਰੀ ਸੁਦਾ ਮੋਟਰਸਾਈਕਲ, ਖੋਹ ਕੀਤਾ ਹੋਇਆ ਮੋਬਾਇਲ ਫੋਨ, ਇੱਕ ਕਮਾਣੀਦਾਰ ਚਾਕੂ ਅਤੇ ਪੀਸੀਆ ਹੋਈਆ ਲਾਲ ਮਿਰਚਾਂ (ਅੱਖਾ ਵਿੱਚ ਪਾਉਣ ਲਈ) ਬਰਾਮਦ ਕੀਤੀਆਂ ।ਜਿੰਨਾ ਪਾਸੋ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**<u>Modus operandi</u>**:- ਉਕਤ ਦੋਸ਼ੀਆਨ ਪਹਿਲਾ ਮੋਟਰ ਸਾਇਕਲ ਤੇ ਰੈਕੀ ਕਰਕੇ ਦੁਕਾਨਾਂ ਦੇ ਬੋਰਡਾਂ ਤੋ ਉਨਾ ਦੇ ਮੋਬਾਇਲ ਨੰਬਰ ਨੋਟ ਕਰਦੇ ਹਨ ਅਤੇ ਫਿਰ ਉਨਾ ਨੂੰ ਫਿਰੋਤੀ ਲਈ ਫੌਨ ਕਰਕੇ ਡਰਾਉਦੇ ਧਮਕਾਉਦੇ ਸਨ ਅਤੇ ਇੰਟਰਨੈਟ ਤੋ ਪਿਸਟਲ ਅਤੇ ਹੋਰ ਅਸਲਿਆਂ ਦੀ ਫੋਟੋਆਂ ਡਾਊਨ ਲੋਡ ਕਰਕੇ ਉਕਤ ਵਿਅਕਤੀਆਂ ਨੂੰ ਡਰਾਉਣ ਲਈ ਭੇਜ ਦਿੰਦੇ ਸਨ।

**<u>ਦੋਸ਼ੀਆ ਦਾ ਨਾਮ ਪਤਾ</u>**:-

1. ਰਮਨਦੀਪ ਸਿੰਘ ਉਰਫ ਰਮਨ ਪੁੱਤਰ ਜਸਵਿੰਦਰ ਸਿੰਘ ।
2. ਬਲਵਿੰਦਰ ਸਿੰਘ ਉਰਫ ਬਿੰਦਰੀ ਪੁੱਤਰ ਰਾਜ ਸਿੰਘ ਵਾਸੀਆਨ ਪਿੰਡ ਬੜੀ ਝੱਲੀਆਂ ਥਾਣਾ ਚਮਕੌਰ ਸਾਹਿਬ ਜਿਲਾ ਰੂਪਨਗਰ ।

**<u>ਬ੍ਰਾਮਦਗੀ</u>**

1. ਇੱਕ ਮੋਟਰ ਸਾਇਕਲ (ਸਪਲੈਂਡੱਰ) ਸਮੇਤ ਜਾਅਲੀ ਨੰਬਰ ਪਲੇਟ
2. ਖੋਹ ਕੀਤਾ ਇੱਕ ਮੋਬਾਇਲ
3. ਕਮਾਣੀਦਾਰ ਚਾਕੂ
4. ਪੀਸੀਆਂ ਹੋਈਆ ਲਾਲ ਮਿਰਚਾਂ

**<u>ਟਰੇਸ ਕੀਤੇ ਮਕੱਦਮੇ</u>:-**

1. ਮਕੱਦਮਾ ਨੰ: 157 ਮਿਤੀ 30-8-2022 ਅ/ਧ 379 ਬੀ, 34 ਆਈ.ਪੀ.ਸੀ ਥਾਣਾ ਸਿਟੀ ਰੂਪਨਗਰ
2. ਮਕੱਦਮਾ ਨੰ: 158 ਮਿਤੀ 31-8-2022 ਅ/ਧ 385,386,506, ਆਈ.ਪੀ.ਸੀ ਥਾਣਾ ਸਿਟੀ ਰੂਪਨਗਰ
3. ਮਕੱਦਮਾ ਨੰ: 159 ਮਿਤੀ 31-08-2022 ਅ/ਧ 385,386,506, ਆਈ.ਪੀ.ਸੀ ਥਾਣਾ ਸਿਟੀ ਰੂਪਨਗਰ

<table>
<tr><th>ਲੜੀ ਨੰਬਰ</th><th>ਦੋਸ਼ੀਆ ਦਾ ਨਾਮ ਅਤੇ ਪਤਾ</th><th>ਟਰੇਸ ਕੀਤੇ ਮੁਕਦਮੇ</th><th>ਬ੍ਰਾਮਦਗੀ</th></tr>
<tr><td>1</td><td>ਰਮਨਦੀਪ ਸਿੰਘ ਉਰਫ ਰਮਨ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਬੜੀ ਝੱਲੀਆਂ ਥਾਣਾ ਸ੍ਰੀ ਚਮਕੋਰ ਸਾਹਿਬ ਜਿਲਾ ਰੂਪਨਗਰ।<br><br>ਉਮਰ :-26 ਸਾਲ ।<br>ਕੰਮ :- ਦੁੱਧ ਦੀ ਡੇਅਰੀ ਦੀ ਦੁਕਾਨ ਰੈਲੋ ਰੋਡ ਤੇ ਕਰਦਾ ਹੈ।<br>ਪੜਾਈ -10+2</td><td rowspan="2">1. ਮੁਕਦਮਾ ਨੰਬਰ 157 ਮਿਤੀ 30.08.2022 ਅ/ਧ 379 ਬੀ , 34 ਹਿ ਦੰ ਥਾਣਾ ਸਿਟੀ ਰੂਪਨਗਰ ।<br><br>2. ਮੁਕਦਮਾ ਨੰਬਰ 158 ਮਿਤੀ 31.08.2022 ਅ/ਧ 385,386,506 ਹਿ ਦੰ ਥਾਂਣਾ ਸਿਟੀ ਰੂਪਨਗਰ ।<br><br>3. ਮੁਕਦਮਾ ਨੰਬਰ 159 ਮਿਤੀ 31.08.2022 ਅ/ਧ 385,386,506 ਹਿ ਦੰ ਥਾਂਣਾ ਸਿਟੀ ਰੂਪਨਗਰ ।</td><td rowspan="2">1. ਇੱਕ ਮੋਟਰ ਸਾਇਕਲ (ਸਪਲੈਡਰ) ਸਮੇਤ ਜਾਅਲੀ ਨੰਬਰ ਪਲੇਟ<br><br>2. 2 ਖੋਹ ਕੀਤਾ ਇੱਕ ਮੋਬਾਇਲ ।<br><br>3. ਕਮਾਣੀਦਾਰ ਚਾਕੂ<br><br>4. ਪੀਸੀਆਂ ਹੋਈਆਂ ਲਾਲ ਮਿਰਚਾ</td></tr>
<tr><td>2</td><td>ਬਲਵਿੰਦਰ ਸਿੰਘ ਉਰਫ ਬਿੰਦਰੀ ਪੁੱਤਰ ਰਾਜ ਸਿੰਘ ਵਾਸੀ ਪਿੰਡ ਬੜੀ ਝੱਲੀਆਂ ਥਾਣਾ ਚਮਕੋਰ ਸਾਹਿਬ ਜਿਲਾ ਰੂਪਨਗਰ ।<br><br>ਉਮਰ- 27 ਸਾਲ ।<br>ਕੰਮ :- ਸੋਆ ਚਾਪ ਦੀ ਰੇਹੜੀ ਲਗਾਉਦਾ ਹੈ।<br>ਪੜਾਈ –08 ਕਲਾਸਾਂ</td></tr>
</table>